بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ　　وَ عَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਭਵਿੱਖਬਾਣੀ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦਾ ਸੰਖੇਪ ਜ਼ਿਕਰ, ਹਜ਼ਰਤ ਮੁਸਲੈਹ ਮੌਊਦ ਦੀ ਪਦਵੀ ਅਤੇ ਸਥਾਨ ਬਾਰੇ ਗ਼ੈਰਾਂ ਦੇ ਵਿਚਾਰ, ਪਾਕਿਸਤਾਨ, ਯਮਨ ਅਤੇ ਫ਼ਲਸਤੀਨੀਆਂ ਦੇ ਅਹਮਦੀਆਂ ਲਈ ਦੁਆ ਦੀ ਤਕਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 23 ਫ਼ਰਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ اِيَّاكَ نَعْبُدُ وَاِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ اَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅੱਜ ਮੈਂ ਭਵਿੱਖਬਾਣੀ ਮੁਸਲੈਹ ਮੌਊਦ ਦੇ ਕੁੱਝ ਪਹਿਲੂਆਂ ਦਾ ਜ਼ਿਕਰ ਕਰਾਂਗਾ। ਹਰ ਅਹਮਦੀ ਜਾਣਦਾ ਹੈ ਅਤੇ ਹਰ ਸਾਲ ਇਸ ਭਵਿੱਖਬਾਣੀ ਦੇ ਪੂਰਾ ਹੋਣ ਉੱਤੇ ਜਲਸਾ ਵੀ ਆਯੋਜਿਤ ਕੀਤਾ ਜਾਂਦਾ ਹੈ। ਇਹ 20 ਫ਼ਰਵਰੀ 1886 ਈ ਦੀ ਭਵਿੱਖਬਾਣੀ ਹੈ। ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇੱਕ ਵੱਖੋ ਵੱਖ ਸਿਫ਼ਤਾਂ ਵਾਲੇ ਬੇਟੇ ਦੇ ਪੈਦਾ ਹੋਣ ਦੀ ਖ਼ਬਰ ਦਿੱਤੀ ਗਈ ਸੀ। ਪਰ ਇਸ ਬਾਰੇ ਬਿਆਨ ਕਰਨ ਤੋਂ ਪਹਿਲਾਂ ਮੈਂ ਬੱਚਿਆਂ ਅਤੇ ਕੁੱਝ ਨੌਜਵਾਨਾਂ ਨੂੰ ਵੀ ਇਸ ਪ੍ਰਸ਼ਨ ਦਾ ਉੱਤਰ ਦੇਣਾ ਚਾਹੁੰਣਾ ਕਿ ਜੋ ਇਹ ਕਹਿੰਦੇ ਹਨ ਕਿ ਜੱਦ ਅਸੀਂ ਆਪਣਾ ਜਨਮ ਦਿਨ ਨਹੀਂ ਮਨਾਉਂਦੇ ਤਾਂ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦਾ ਜਨਮ ਦਿਨ ਕਿਉਂ ਮਨਾਉਂਦੇ ਹਾਂ। ਇਸ ਬਾਰੇ ਸਪਸ਼ਟ ਹੋਵੇ ਕਿ ਅਸੀਂ ਮਿਰਜ਼ਾ ਬਸ਼ੀਰ-ਉੱਦ-ਦੀਨ ਮਹਮੂਦ ਅਹਮਦ ਸਾਹਿਬ ਜੀ ਦਾ ਜਨਮ ਦਿਨ ਨਹੀਂ ਮਨਾਉਂਦੇ। ਸਗੋਂ ਭਵਿੱਖਬਾਣੀ ਦੇ ਪੂਰਾ ਹੋਣ ਉੱਤੇ ਜਲਸੇ ਕੀਤੇ ਜਾਂਦੇ ਹਨ। ਹਜ਼ਰਤ ਬਸ਼ੀਰ-ਉੱਦ-ਦੀਨ ਮਹਮੂਦ ਅਹਮਦ ਸਾਹਿਬ ਜੀ ਦਾ ਜਨਮ ਦਿਨ ਤਾਂ 12 ਜਨਵਰੀ 1889 ਈ ਨੂੰ ਹੈ। ਮਾਤਾ ਪਿਤਾ ਨੂੰ ਪੜ੍ਹ ਕੇ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਭਵਿੱਖਬਾਣੀ ਮੁਸਲੈਹ ਮੌਊਦ ਕੀ ਹੈ। ਇਹ ਇੱਕ ਸ਼ਾਨਦਾਰ ਭਵਿੱਖਬਾਣੀ ਹੈ। ਜੋ ਪੁਰਾਤਨ ਗ੍ਰੰਥਾਂ ਅਨੁਸਾਰ ਜਿੰਨ੍ਹਾਂ ਦੀ ਪਿੱਛਲੇ ਨਬੀਆਂ ਨੇ ਵੀ ਖ਼ਬਰ ਦਿੱਤੀ ਅਤੇ ਫ਼ਿਰ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਹ ਐਲਾਨ ਕਰਨ ਦਾ ਆਦੇਸ਼ ਦਿੱਤਾ।

ਇਹ ਇੱਕ ਲੰਮੀ ਭਵਿੱਖਬਾਣੀ ਹੈ। ਇਸ ਭਵਿੱਖਬਾਣੀ ਵਿੱਚ ਉਸ ਲੜ੍ਹਕੇ ਦੀਆਂ ਖ਼ੂਬੀਆਂ ਬਿਆਨ ਕੀਤੀਆਂ ਗਈਆਂ ਹਨ। ਜਿੰਨ੍ਹਾਂ ਵਿੱਚੋਂ ਇੱਕ ਦੋ ਦਾ ਜ਼ਿਕਰ ਕਰਾਂਗਾ। ਫ਼ਰਮਾਇਆ : ਉਹ ਸਖ਼ਤ ਜ਼ਹੀਨ-ਓ-ਫ਼ਹੀਮ (ਅਰਥਾਤ ਬਹੁਤ ਬੁੱਧੀਮਾਨ) ਹੋਵੇਗਾ। ਉਹ ਹਰ ਪ੍ਰਕਾਰ ਦੇ ਗਿਆਨ ਨਾਲ ਪੂਰਨ ਹੋਵੇਗਾ। ਉਹ ਕੈਦੀਆਂ ਦੀ ਆਜ਼ਾਦੀ ਦਾ ਸਾਧਨ ਹੋਵੇਗਾ। ਇਹ ਉਸ ਲੰਮੀ ਭਵਿੱਖਬਾਣੀ ਦੀਆਂ ਕੁੱਝ ਗੱਲ੍ਹਾਂ ਹਨ। ਫ਼ਿਰ ਅਸੀਂ ਵੇਖਿਆ ਕਿ ਬਿਆਨ ਕੀਤੇ ਸਮੇਂ ਅੰਦਰ ਉਹ ਲੜ੍ਹਕਾ ਪੈਦਾ ਹੋਇਆ ਅਤੇ ਭਵਿੱਖਬਾਣੀ ਦੇ ਸਾਰੇ 50-52 ਭਾਗਾਂ ਦਾ ਧਾਰਨੀ ਬਣਿਆ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੀ ਖ਼ਿਲਾਫ਼ਤ ਦਾ ਹਰ ਦਿਨ ਇਸ ਭਵਿੱਖਬਾਣੀ ਦੇ ਪੂਰਾ ਹੋਣ ਦੀ ਸ਼ਾਨ ਦਾ

ਪ੍ਰਕਟਾਵਾ ਕਰ ਰਿਹਾ ਹੈ ਅਤੇ ਜਮਾਅਤੇ ਅਹਮਦੀਆ ਦੀ ਤਰੱਕੀ ਦਾ ਹਰ ਦਿਨ ਉਸ ਦੀ ਰੌਸ਼ਨ ਦਲੀਲ ਹੈ। ਇਸ ਭਵਿੱਖਬਾਣੀ ਦੇ ਹਵਾਲੇ ਨਾਲ ਮੈਂ ਇੰਨਸਾਫ਼ ਪਸੰਦ ਅਜਿਹੇ ਲੋਕਾਂ ਦੀਆਂ ਗਵਾਹੀਆਂ ਪੈਸ਼ ਕਰਾਂਗਾ। ਜਿੰਨ੍ਹਾਂ ਦਾ ਜਮਾਅਤ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਉਸ ਸਮੇਂ ਦੇ ਪ੍ਰਸਿੱਧ ਲੋਕ ਹਨ।

ਇੱਕ ਖੋਜਕਾਰ, ਲੇਖਕ, ਸਾਹਿਤਕਾਰ, ਪੱਤਰਕਾਰ, ਅਤੇ ਇਤਿਹਾਸਕਾਰ, ਮੌਲਾਨਾ ਗ਼ੁਲਾਮ ਰਸੂਲ ਸਾਹਿਬ ਮਹਰ ਨੇ ਸ਼ੈਖ਼ ਅਬਦੁੱਲ ਮਾਜਿਦ ਸਾਹਿਬ ਨੂੰ ਦੱਸਿਆ ਕਿ ਆਪ ਲੋਕਾਂ ਦੀ ਕਿਸੇ ਕਿਤਾਬ ਵਿੱਚ ਉਸ ਸਰਵੋਤਮ ਵਿਅਕਤੀ ਦੇ ਕਾਰਨਾਮੀਆਂ ਦੀ ਸੰਪੂਰਨ ਜਾਣ ਪਛਾਣ ਨਹੀਂ ਮਿਲਦੀ। ਅਸੀਂ ਉਹਨਾਂ ਨੂੰ ਨੇੜਿਓਂ ਵੇਖਿਆ ਹੈ। ਕਈ ਮੁਲਾਕਾਤਾਂ ਕੀਤੀਆਂ ਹਨ। ਮੁਸਲਿਮ ਕੌਮ ਲਈ ਉਹਨਾਂ ਦੀ ਹਸਤੀ ਪੂਰਨ ਕੁਰਬਾਨੀ ਸੀ। ਗੱਠਬੰਧਨਾਂ ਦਾ ਹਓਮਾ ਮੈਂ ਉਸ ਹਸਤੀ ਵਿੱਚ ਨਾਂ ਦਾ ਨਹੀਂ ਵੇਖਿਆ। ਉਹ ਬਹੁਤ ਬੁੱਧੀਮਾਨ ਸਨ। ਅਫ਼ਸੋਸ ਮੁਸਲਮਾਨਾਂ ਨੇ ਮਿਰਜ਼ਾ ਸਾਹਿਬ ਰਜ਼ੀ ਅੱਲਾਹ ਅੰਨਹੁ ਦਾ ਆਦਰ ਸਤਿਕਾਰ ਨਹੀਂ ਕੀਤਾ। ਕਠੋਰ ਵਿਰੋਧਤਾ ਦੇ ਬਾਦ ਵੀ ਮੈਂ ਮਿਰਜ਼ਾ ਸਾਹਿਬ ਰਜ਼ੀ ਅੱਲਾਹ ਅੰਨਹੁ ਨੂੰ ਕਦੇ ਮਾਯੂਸ ਅਤੇ ਹਿੰਮਤ ਛੱਡਦੇ ਨਹੀਂ ਵੇਖਿਆ।

ਲਾਲਾ ਭੀਮ ਸੈਨ ਦੇ ਬੇਟੇ ਸ਼੍ਰੀਮਾਨ ਲਾਲਾ ਕੁੰਵਰ ਸੈਨ ਸਾਹਿਬ ਪੂਰਵ ਚੀਫ਼ ਜੱਜ ਕਸ਼ਮੀਰ ਨੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੇ ਇੱਕ ਭਾਸ਼ਣ ਬਾਰੇ ਖ਼ਿਆਲ ਪ੍ਰਕਟ ਕਰਦੇ ਹੋਏ, ਆਪਣੇ ਭਾਸ਼ਣ ਵਿੱਚ ਕਿਹਾ ਕਿ ਜੋ ਲੈਕਚਰ ਦਿੱਤਾ ਗਿਆ ਹੈ। ਉਹ ਗਿਆਨ ਭਰਪੂਰ ਅਤੇ ਫ਼ਲਸਫ਼ੇ ਦੀ ਸ਼ਾਨ ਆਪਣੇ ਅੰਦਰ ਰੱਖਦਾ ਹੈ। ਮੈਨੂੰ ਉਮੀਦ ਹੈ ਕਿ ਇਸ ਲੈਕਚਰ ਦਾ ਪ੍ਰਭਾਵ ਲੰਮੇ ਸਮੇਂ ਤੱਕ ਮੇਰੇ ਦਿਲ੍ਹ ਉੱਤੇ ਕਾਯਮ ਰਹੇਗਾ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਤਾਂ ਸੰਸਾਰਿਕ ਸਿੱਖਿਆ ਦੇ ਹਿਸਾਬ ਨਾਲ ਪਰਾਇਮਰੀ ਪਾਸ ਵੀ ਨਹੀਂ ਸਨ ਇਸ ਗਿਆਨ ਨਾਲ ਰੱਬ ਨੇ ਆਪ ਨੂੰ ਪੂਰਨ ਕੀਤਾ ਸੀ। ਰੱਬ ਨੇ ਵਚਨ ਦਿੱਤਾ ਸੀ ਅਤੇ ਗ਼ੈਰ ਵੀ ਪ੍ਰਸ਼ੰਸ਼ਾ ਕੀਤੇ ਬਿਨਾਂ ਨਹੀਂ ਰਹਿ ਸਕਦੇ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੇ ਖ਼ਲੀਫ਼ਾ ਬਣਨ ਦੇ ਕੁੱਝ ਦਿਨਾਂ ਬਾਦ ਇੱਕ ਅਮਰੀਕੀ ਪਾਦਰੀ ਕਾਦੀਆਂ ਆਇਆ ਅਤੇ ਕੁੱਝ ਮਹਤੱਵਪੂਰਨ ਧਾਰਮਿਕ ਪ੍ਰਸ਼ਨ ਪੈਸ਼ ਕਰਦੇ ਹੋਏ ਕਿਹਾ ਕਿ ਅੱਜ ਤੱਕ ਮੈਨੂੰ ਮੁਸਲਮਾਨਾਂ ਦਾ ਵੱਡੇ ਤੋਂ ਵੱਡਾ ਗਿਆਨੀ ਤੇ ਸੂਝਵਾਨ ਇਹਨਾਂ ਪ੍ਰਸ਼ਨਾਂ ਦਾ ਸੰਤੁਸ਼ਟੀ ਭਰਾ ਉੱਤਰ ਨਹੀਂ ਦੇ ਸਕਿਆ ਮੈਂ ਇਹਨਾਂ ਪ੍ਰਸ਼ਨਾਂ ਨੂੰ ਆਪ ਦੇ ਖ਼ਲੀਫ਼ਾ ਸਾਹਿਬ ਦੇ ਸਾਮ੍ਹਣੇ ਪੈਸ਼ ਕਰਨ ਲਈ ਖ਼ਾਸ ਤੌਰ ਉੱਤੇ ਆਇਆ ਹਾਂ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਬਹੁਤ ਆਰਾਮ ਨਾਲ ਉਹਨਾਂ ਸਾਰੇ ਪ੍ਰਸ਼ਨਾਂ ਨੂੰ ਸੁਣਿਆ ਅਤੇ ਅਜਿਹੇ ਸੰਤੁਸ਼ਟੀ ਭਰੇ ਉੱਤਰ ਦਿੱਤੇ ਕਿ ਪਾਦਰੀ ਕਹਿਣ ਲੱਗਿਆ : ਮੈਂ ਅੱਜ ਤੱਕ ਅਜਿਹੀ ਉੱਚਤਮ ਵਾਰਤਾਲਾਪ ਅਤੇ ਅਜਿਹਾ ਪ੍ਰਮਾਣਿਤ ਭਾਸ਼ਣ ਕਿਸੇ ਮੁਸਲਮਾਨ ਦੇ ਮੂੰਹੋਂ ਨਹੀਂ ਸੁਣਿਆ। ਮਾਲੂਮ ਹੁੰਦਾ ਹੈ ਕਿ ਤੁਹਾਡਾ ਖ਼ਲੀਫ਼ਾ ਬਹੁਤ ਵੱਡਾ ਵਿਧਵਾਨ ਹੈ ਅਤੇ ਵਿਸ਼ਵ ਦੇ ਧਰਮਾਂ ਉੱਤੇ ਉਸ ਦੀ ਨਜ਼ਰ ਬਹੁਤ ਡੂੰਗੀ ਹੈ। ਇਹ ਕਹਿ ਕੇ ਉਸ ਨੇ ਬਹੁਤ ਸਤਿਕਾਰ ਨਾਲ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੇ ਹੱਥਾਂ ਨੂੰ ਚੁੰਮ ਲਿਆ ਅਤੇ ਪਰਤ ਗਿਆ

ਅਖ਼ਬਾਰ ਸਿਆਸਤ ਨੇ ਲਿੱਖਿਆ ਕਿ ਧਾਰਮਿਕ ਵਿਰੋਧਤਾ ਦੀ ਗੱਲ੍ਹ ਛੱਡ ਕੇ ਵੇਖਿਏ ਤਾਂ ਸ਼੍ਰੀਮਾਨ ਬਸ਼ੀਰ-ਉੱਦ-ਦੀਨ ਮਹਮੂਦ ਅਹਮਦ ਸਾਹਿਬ ਨੇ ਸਾਹਿਤ ਦਾ ਜੋ ਕੰਮ ਕੀਤਾ ਹੈ। ਉਹ ਹਰ ਪੱਖੋਂ ਪ੍ਰਸ਼ੰਸ਼ਾਯੋਗ ਹੈ।

ਮੌਲਾਨਾ ਮੁਹੱਮਦ ਅਲੀ ਜੌਹਰ ਸਾਹਿਬ ਗੋਲ ਮੈਜ਼ ਕਾਨੰਫ਼ਰਸ ਲੰਦਨ ਦੇ ਹਵਾਲੇ ਨਾਲ ਆਪਣੇ ਅਖ਼ਬਾਰ ਹਮਦਰਦ ਵਿੱਚ ਲਿੱਖਦੇ ਹਨ ਕਿ ਅਪਮਾਨ ਹੋਵੇਗਾ ਕਿ ਸ਼੍ਰੀਮਾਨ ਮਿਰਜ਼ਾ ਬਸ਼ੀਰ-ਉੱਦ-ਦੀਨ ਮਹਮੂਦ ਅਹਮਦ

ਸਾਹਿਬ ਅਤੇ ਉਹਨਾਂ ਦੀ ਇਸ ਸੰਗਠਿਤ ਜਮਾਅਤ ਦਾ ਜ਼ਿਕਰ ਇਹਨਾਂ ਸਤਰਾਂ ਵਿੱਚ ਨ ਕਰੀਏ। ਜਿੰਨ੍ਹਾਂ ਨੇ ਆਪਣਾ ਸਾਰਾ ਧਿਆਨ, ਅਕੀਦੇ ਦੀ ਵਿਰੋਧਤਾ ਤੋਂ ਉੱਤੇ ਉੱਠ ਕੇ, ਮੁਸਲਮਾਨਾਂ ਦੇ ਲਾਭ ਲਈ ਸਮਰਪਿਤ ਕਰ ਦਿੱਤਾ ਇਹ ਸਾਹਿਬ ਜੇਕਰ ਇੱਕ ਪਾਸੇ ਮੁਸਲਮਾਨਾਂ ਦੀ ਸਿਆਸਤ ਵਿੱਚ ਦਿਲਚਸਪੀ ਲੈ ਰਹੇ ਹਨ ਤਾਂ ਦੂਜੇ ਪਾਸੇ ਮੁਸਲਮਾਨਾਂ ਨੂੰ ਸੰਗਠਿਤ ਕਰਨ, ਪ੍ਰਚਾਰ ਕਰਨ ਅਤੇ ਵਿਉਪਾਰ ਕਰਨ ਲਈ ਵੀ ਬਹੁਤ ਕੋਸ਼ਿਸ਼ ਕਰ ਰਹੇ ਹਨ। ਉਹ ਸਮਾਂ ਦੂਰ ਨਹੀਂ ਜੱਦ ਕਿ ਇਸ ਸੰਗਠਿਤ ਫ਼ਿਰਕੇ ਦਾ ਤਰੀਕ ਇਸਲਾਮ ਦੇ ਵੱਡੇ ਲੀਡਰਾਂ ਲਈ ਆਮ ਤੌਰ ਉੱਤੇ ਅਤੇ ਉਹਨਾਂ ਲੋਕਾਂ ਲਈ ਖ਼ਾਸ ਤੌਰ ਉੱਤੇ (ਜੋ ਸਟੇਜਾਂ ਉੱਤੇ ਬਹਿ ਕੇ ਵੱਡੇ ਲੀਡਰ ਬਣ ਕੇ ਉੱਚੀ ਆਵਾਜ਼ ਵਿੱਚ ਦਾਅਵਾ ਕਰਦੇ ਹਨ, ਪਰ ਅੰਦਰੂਨੀ ਤੌਰ ਉੱਤੇ ਇਹ ਕੇਵਲ ਉਹਨਾਂ ਦੇ ਬਹੁਤ ਘੱਟਿਆ ਕਿਸਮ ਦੇ ਦਾਅਵੇ ਹਨ) ਉਹਨਾਂ ਲਈ ਇਹ ਮਾਰਗ ਦਰਸ਼ਕ ਸਾਬਤ ਹੋਣਗੇ।

ਡਾਕਟਰ ਅਲਾਮਾ ਮੁਹੱਮਦ ਇਕਬਾਲ ਦੇ ਹਵਾਲੇ ਨਾਲ ਇਹ ਗੱਲ੍ਹਾਂ ਵੀ ਰਿਕਾਰਡ ਵਿੱਚ ਮੌਜੂਦ ਹਨ ਕਿ 24 ਮਾਰਚ 1927 ਈ ਨੂੰ ਲਾਹੌਰ ਵਿੱਚ ਜਲਸਾ ਹੋਇਆ। ਜਿਸ ਦੀ ਪ੍ਰਧਾਨਗੀ ਅਲਾਮਾ ਇਕਬਾਲ ਨੇ ਕੀਤੀ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਉੱਥੇ ਵਿਚਾਰ ਪ੍ਰਕਟ ਕੀਤੇ। ਜਿਸ ਦੇ ਬਾਦ ਅਲਾਮਾ ਸਾਹਿਬ ਨੇ ਕਿਹਾ ਕਿ ਅਜਿਹਾ ਭਾਸ਼ਣ ਬਹੁਤ ਸਮੇਂ ਬਾਦ ਲਾਹੌਰ ਵਿੱਚ ਸੁਣਿਆ ਹੈ। ਖ਼ਾਸ ਕਰਕੇ ਜੋ ਕੁਰਆਨ ਸ਼ਰੀਫ਼ ਦੀ ਆਇਤਾਂ ਤੋਂ ਮਿਰਜ਼ਾ ਸਾਹਿਬ ਨੇ ਸਿੱਟੇ ਕੱਢੇ ਹਨ। ਉਹ ਤਾਂ ਬਹੁਤ ਹੀ ਸ਼ਾਨਦਾਰ ਹਨ। ਮੈਂ ਆਪਣੇ ਭਾਸ਼ਣ ਨੂੰ ਲੰਮਾ ਨਹੀਂ ਕਰ ਸਕਦਾ ਤਾਂ ਕਿ ਮੈਨੂੰ ਇਸ ਭਾਸ਼ਣ ਤੋਂ ਜੋ ਆਨੰਦ ਪ੍ਰਾਪਤ ਹੋ ਰਿਹਾ ਹੈ। ਉਹ ਸਮਾਪਤ ਨ ਹੋ ਜਾਵੇ

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਨੇ 1919 ਈ ਵਿੱਚ ਲਾਹੌਰ ਵਿੱਚ " ਇਸਲਾਮ ਵਿੱਚ ਮੱਤ-ਭੇਦਾਂ ਦਾ ਆਰੰਭ " ਇਹ ਇੱਕ ਸ਼ਾਨਦਾਰ ਲੈਕਚਰ ਦਿੱਤਾ ਸੀ। ਸੱਯਦ ਅਬਦੁੱਲ ਕਾਦਰ ਸਾਹਿਬ ਪ੍ਰਿੰਸੀਪਲ ਇਸਲਾਮੀਆ ਕਾਲਜ ਲਾਹੌਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬਿਆਨ ਕੀਤਾ ਕਿ ਇਹ ਭਾਸ਼ਣ ਬਹੁਤ ਗਿਆਨ ਭਰਪੂਰ ਹੈ ਮੈਨੂੰ ਵੀ ਇਸਲਾਮੀ ਇਤਿਹਾਸ ਦਾ ਕੁੱਝ ਗਿਆਨ ਹੈ ਅਤੇ ਮੈਂ ਦਾਅਵਾ ਨਾਲ ਕਹਿ ਸਕਦਾ ਹਾਂ ਕਿ ਕੀ ਮੁਸਲਿਮ ਅਤੇ ਕੀ ਗ਼ੈਰ-ਮੁਸਲਿਮ ਬਹੁਤ ਘੱਟ ਇਤਿਹਾਸਕਾਰ ਹਨ। ਜੋ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੁ ਦੀ ਖ਼ਿਲਾਫ਼ਤ ਦੇ ਸਮੇਂ ਹੋਣ ਵਾਲੇ ਮੱਤ-ਭੇਦਾਂ ਦੀ ਡੂੰਘਿਆਈ ਤੱਕ ਪਹੁੰਚ ਸਕੇ ਅਤੇ ਇਸ ਬਰਬਾਦ ਕਰਨ ਵਾਲੀ ਅਤੇ ਪਹਿਲੀ ਖ਼ਾਨਾ ਜੰਗੀ ਦੇ ਫ਼ਸਾਦ ਦੇ ਕਾਰਨ ਸਮਝਣ ਵਿੱਚ ਕਾਮਯਾਬ ਹੋ ਸਕੇ। ਹਜ਼ਰਤ ਮਿਰਜ਼ਾ ਸਾਹਿਬ ਨੂੰ ਨ ਕੇਵਲ ਖ਼ਾਨਾ ਜੰਗੀ ਦੇ ਫ਼ਸਾਦਾਂ ਦੇ ਕਾਰਨ ਸਮਝਣ ਵਿੱਚ ਕਾਮਯਾਬੀ ਹੋਈ ਹੈ। ਸਗੋਂ ਉਹਨਾਂ ਨੇ ਬਹੁਤ ਸਪਸ਼ਟਤਾ ਅਤੇ ਨਿਰੰਤਰਤਾ ਨਾਲ ਉਹਨਾਂ ਕਿੱਸਿਆਂ ਨੂੰ ਬਿਆਨ ਫ਼ਰਮਾਇਆ ਹੈ। ਜਿੰਨ੍ਹਾਂ ਕਰਕੇ ਐਵਾਨੇ ਖ਼ਿਲਾਫ਼ਤ ਲੰਮੇ ਸਮੇਂ ਤੱਕ ਤਜ਼ਲਜ਼ਲ ਵਿੱਚ ਰਿਹਾ। ਮੇਰਾ ਖ਼ਿਆਲ ਹੈ ਅਜਿਹਾ ਦਲੀਲ ਭਰਪੂਰ ਲੇਖ ਇਸਲਾਮੀ ਇਤਿਹਾਸ ਨਾਲ ਦਿਲਚਸਪੀ ਰੱਖਣ ਵਾਲੇ ਲੋਕਾਂ ਦੀ ਨਜ਼ਰ ਵਿੱਚੋਂ ਪਹਿਲਾਂ ਨਹੀਂ ਲੰਘਿਆ ਹੋਵੇਗਾ।

ਅਖ਼ਬਾਰ ਅੱਲ-ਇਮਰਾਨ ਦਮਿਸ਼ਕ 10 ਅਗਸਤ 1924 ਈ ਵਿੱਚ ' ਮਹਦੀ ਦਮਿਸ਼ਕ ਵਿੱਚ ' ਸਿਰਲੇਖ ਹੇਠਾਂ ਲਿੱਖਦਾ ਹੈ ਕਿ ਆਪ ਨੂੰ ਬਹੁਤ ਡੂੰਗੀ ਖੋਜ ਰੱਖਣ ਵਾਲਾ ਗਿਆਨੀ ਅਤੇ ਸਭ ਧਰਮਾਂ ਅਤੇ ਉਸ ਦੇ ਇਤਿਹਾਸ ਅਤੇ ਫ਼ਲਸਫ਼ੇ ਦਾ ਡੂੰਗਾ ਗਿਆਨ ਰੱਖਣ ਵਾਲਾ ਅਤੇ ਰੱਬੀ ਸ਼ਰੀਅਤ ਦੀ ਹਿਕਮਤ ਅਤੇ ਫ਼ਲਸਫ਼ੇ ਨਾਲ ਜਾਣ ਪਛਾਣ ਰੱਖਣ ਵਾਲਾ ਵਿਅਕਤੀ ਪਾਇਆ।

ਪ੍ਰਸਿੱਧ ਪੱਤਰਕਾਰ ਅਤੇ ਸਿਆਸਤਦਾਨ ਮਿਆਂ ਮੁਹੱਮਦ ਸ਼ਫ਼ੀਅ ਨੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੇ ਸਵਰਗਵਾਸ ਉੱਤੇ ਲਿੱਖਿਆ ਕਿ ਮਿਰਜ਼ਾ ਮਹਮੂਦ ਅਹਮਦ ਨੇ ਖ਼ਿਲਾਫ਼ਤ ਦੀ ਗੱਦੀ ਉੱਤੇ ਬਹਿ ਕੇ ਜਿਵੇਂ ਆਪਣੀ ਜਮਾਅਤ ਨੂੰ ਸੰਗਠਿਤ ਕੀਤਾ ਅਤੇ ਜਿਵੇਂ ਸਦਰ ਅੰਜੁਮਨ ਅਹਮਦੀਆ ਨੂੰ ਇੱਕ ਜਾਨਦਾਰ ਅਤੇ ਐਕਟਿਵ ਵਿਭਾਗ ਬਣਾਇਆ। ਉਸ ਨਾਲ ਉਹਨਾਂ ਦੀ ਸ਼ਕਤੀ ਦਾ ਪਤਾ ਲੱਗਦਾ ਹੈ। ਭਾਵੇਂ ਉਹਨਾਂ ਕੋਲ੍ਹ ਕਿਸੇ ਯੂਨੀਵਰਸਟੀ ਦੀ ਡਿਗਰੀ ਨਹੀਂ ਸੀ। ਪਰ ਉਹਨਾਂ ਨੇ ਪਰਾਇਵੈਟ ਤੌਰ ਉੱਤੇ ਸਾਹਿਤ ਪੜ੍ਹ ਕੇ ਆਪਣੇ ਆਪ ਨੂੰ ਅਲਾਮਾ ਅਖਵਾਉਣ ਦਾ ਹੱਕਦਾਰ ਬਣਾਇਆ ਸੀ। ਮਿਰਜ਼ਾ ਸਾਹਿਬ ਇੱਕ ਬਹੁਤ ਸੁਲਝੇ ਹੋਏ ਭਾਸ਼ਣ ਕਰਤਾ ਅਤੇ ਮੰਝੇ ਹੋਏ ਲੇਖਕ ਸਨ ਅਤੇ ਹਰ ਇੱਕ ਨੂੰ ਵਰਤੋਂ ਵਿੱਚ ਲਿਆਉਂਦੇ ਸਨ। ਜਿਸ ਨਾਲ ਜਮਾਅਤ ਦੀ ਤਰੱਕੀ ਦੀਆਂ ਰਾਹਾਂ ਖੁਲ੍ਹਦੀਆਂ ਹਨ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਵੱਖੋ ਵੱਖ ਵਿਸ਼ਿਆਂ ਉੱਤੇ ਜਮਾਅਤ ਦਾ, ਮੁਸਲਮਾਨਾਂ ਦਾ ਮਾਰਗ ਦਰਸ਼ਨ ਕੀਤਾ। ਕਿਤਾਬਾਂ ਕਈ ਜਿਲਦਾਂ ਉੱਤੇ ਆਧਾਰਿਤ ਹਨ, ਖ਼ੁਤਬੇ ਹਨ। ਪੁਰਾਣੇ ਰਿਕਾਰਡ ਵਿੱਚੋਂ ਉਹ ਨੋਟਸ ਹਨ। ਜੋ ਹਾਲੇ ਪ੍ਰਕਾਸ਼ਿਤ ਨਹੀਂ ਹੋਏ ਜਾਂ ਖ਼ੁਤਬੇ ਤੇ ਭਾਸ਼ਣਾਂ ਵਿੱਚੋਂ ਕੁਰਆਨ ਸ਼ਰੀਫ਼ ਦੀਆਂ ਤਫ਼ਸੀਰਾਂ ਮਿਲ ਰਹੀਆਂ ਹਨ। ਉਹ ਵੀ ਇੰਸ਼ਾ-ਅੱਲਾਹ ਪ੍ਰਕਾਸ਼ਿਤ ਹੋ ਜਾਣਗੀਆਂ। ਬਹੁਤ ਸਾਰੀਆਂ ਕਿਤਾਬਾਂ ਦਾ ਪ੍ਰਕਾਸ਼ਨ ਅੰਗਰੇਜ਼ੀ ਭਾਸ਼ਾ ਵਿੱਚ ਵੀ ਹੋ ਚੁੱਕਿਆ ਹੈ। ਜਿੰਨ੍ਹਾਂ ਨੂੰ ਉਰਦੂ ਨਹੀਂ ਆਉਂਦੀ। ਉਹਨਾਂ ਨੂੰ ਇਸ ਇਲਮੀ ਖ਼ਜ਼ਾਨੇ ਵਿੱਚੋਂ ਲਾਭ ਚੁੱਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਰੱਬ ਸਾਨੂੰ ਸਾਰੀਆਂ ਨੂੰ ਇਸ ਇਲਮੀ ਖ਼ਜ਼ਾਨੇ ਤੋਂ ਲਾਭ ਚੁੱਕਣ ਦੀ ਤੌਫ਼ੀਕ ਬਖ਼ਸ਼ੇ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਅੱਜ ਕੱਲ੍ਹ ਪਾਕਿਸਤਾਨ ਵਿੱਚ ਜਮਾਅਤ ਦੇ ਖ਼ਿਲਾਫ਼ ਵਿਰੋਧ ਦੀ ਇੱਕ ਲਹਿਰ ਮੁੜ੍ਹ ਸ਼ੁਰੂ ਹੋਈ ਹੈ। ਸਿਆਸਤਦਾਨ ਅਤੇ ਮੌਲਵੀ ਜੋ ਚੋਣਾਂ ਵਿੱਚ ਹਾਰੇ ਹਨ ਜਾਂ ਆਪਣੀ ਇੱਛਾ ਦੇ ਨਤੀਜੇ ਉਹਨਾਂ ਨੂੰ ਪ੍ਰਾਪਤ ਨਹੀਂ ਹੋ ਸਕੇ। ਉਹਨਾਂ ਦੀ ਇੱਕ ਵੱਡੀ ਗਿਣਤੀ ਫ਼ਸਾਦ ਫ਼ੈਲਾਉਣ ਲਈ ਫ਼ਿਰ ਅਹਮਦੀਆਂ ਉੱਤੇ ਹਮਲੇ ਕਰ ਰਹੇ ਹਨ। ਇਸ ਲਈ ਅਹਮਦੀਆਂ ਨੂੰ ਜਿੱਥੇ ਹੋਸ਼ਿਆਰ ਹੋਣਾ ਚਾਹੀਦਾ ਹੈ। ਉੱਥੇ ਦੁਆਵਾਂ ਅਤੇ ਸਦਕੇ ਉੱਤੇ ਵੀ ਬਹੁਤ ਜ਼ੋਰ ਦੇਣਾ ਚਾਹੀਦਾ ਹੈ। ਰੱਬ ਅਹਮਦੀਆਂ ਨੂੰ ਸੁਰੱਖਿਅਤ ਰੱਖੇ।

ਯਮਨ ਦੇ ਅਹਮਦੀਆਂ ਲਈ ਵੀ ਬਹੁਤ ਦੁਆ ਕਰੋ। ਰੱਬ ਉਹਨਾਂ ਲਈ ਵੀ ਆਸਾਨੀਆਂ ਪੈਦਾ ਕਰੇ। ਉਹਨਾਂ ਵਿੱਚੋਂ ਬਹੁਤ ਸਾਰੇ ਕੈਦ ਵਿੱਚ ਜੀਵਨ ਬਤੀਤ ਕਰ ਰਹੇ ਹਨ। ਉਹਨਾਂ ਨੂੰ ਛੇਤੀ ਕੈਦ ਵਿੱਚੋਂ ਆਜ਼ਾਦੀ ਮਿਲੇ, ਫ਼ਲਸਤੀਨੀਆਂ ਲਈ ਵੀ ਦੁਆ ਕਰੋ। ਰੱਬ ਉਹਨਾਂ ਉੱਤੇ ਵੀ ਰਹਿਮ ਫ਼ਰਮਾਏ ਅਤੇ ਵੱਡੀ ਤਾਕਤਾਂ ਦੇ ਜ਼ੁਲਮਾਂ ਤੋਂ ਉਹਨਾਂ ਨੂੰ ਬਚਾਏ।

ਅੰਤ ਵਿੱਚ ਹਜ਼ੂਰੇ ਅਨਵਰ ਨੇ ਘਾਨਾ ਵਿੱਚ ਆਯੋਜਿਤ ਹੋਣ ਵਾਲੇ ਸੌ ਸਾਲਾ ਜਲਸਾ ਸਲਾਨਾ ਦੀ ਕਾਮਯਾਬੀ ਲਈ ਦੁਆ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ ਕਿ ਕੱਲ੍ਹ ਇੰਸ਼ਾ-ਅੱਲਾਹ ਇੱਥੋਂ ਜਲਸੇ ਵਿੱਚ ਮੇਰੀ ਲਾਇਵ ਤਕਰੀਰ ਵੀ ਹੋਵੇਗੀ। ਰੱਬ ਹਰ ਪ੍ਰਕਾਰ ਨਾਲ ਬਰਕਤਾਂ ਵਾਲਾ ਬਣਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔